# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਤੇਰ੍ਹਵਾਂ ਸਮਾਗਮ

-----------

## ਕਾਰਜ ਸੂਚੀ

04 ਅਗਸਤ 2026

10:00 ਵਜੇ ਪੂਰਵ ਦੁਪਹਿਰ

-----------

**1. ਪ੍ਰਸ਼ਨ**

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

**2. ਧਿਆਨ ਦਿਵਾਊ ਨੋਟਿਸ**

(1) **ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ.**:- ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਦਾ ਧਿਆਨ ਸੰਗਰੂਰ ਵਿਧਾਨ ਸਭਾ ਹਲਕੇ ਵਿੱਚ ਪਿੰਡਾਂ ਦੇ ਛੱਪੜਾਂ ਦੇ ਓਵਰਫਲੋ ਹੋਣ ਕਾਰਨ ਲੋਕਾਂ ਨੂੰ ਆ ਰਹੀਆਂ ਸਿਹਤ ਸਬੰਧੀ ਸਮੱਸਿਆਵਾਂ ਵੱਲ ਦਿਵਾਉਣਗੇ ।

(ਨੰ. 1)

(2) **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਐੱਮ.ਐੱਲ.ਏ** - ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਦਾ ਧਿਆਨ ਜਗਰਾਓਂ ਵਿਧਾਨ ਸਭਾ ਹਲਕੇ ਅਤੇ ਬੇਟ ਖੇਤਰ ਵਿੱਚ ਜੰਗਲੀ ਸੂਰਾਂ ਅਤੇ ਨੀਲਗਾਂਵਾਂ (Blue Bull) ਦੀ ਵਧਦੀ ਗਿਣਤੀ ਵੱਲ ਦਿਵਾਉਣਗੇ ।

(ਨੰ. 15)

(3) **ਸਰਦਾਰ ਜਗਰੂਪ ਸਿੰਘ ਗਿੱਲ, ਐੱਮ.ਐੱਲ.ਏ**:- ਸਥਾਨਕ ਸਰਕਾਰ ਮੰਤਰੀ ਦਾ ਧਿਆਨ ਕੂੜਾ ਪ੍ਰਬੰਧਨ ਪਲਾਂਟ (Garbage Management Plant) ਨੂੰ ਬਠਿੰਡਾ ਸ਼ਹਿਰ ਦੀਆਂ ਮਿਊਂਸਪਲ ਹੱਦਾਂ ਤੋਂ ਬਾਹਰ ਸ਼ਿਫਟ ਕਰਨ ਵੱਲ ਦਿਵਾਉਣਗੇ ।

(ਨੰ. 17)

**3. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

(1) **ਇੱਕ ਮੰਤਰੀ** ਸਾਲ 2022-23 ਲਈ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਦੀ 28ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ।

(2) **ਇੱਕ ਮੰਤਰੀ** ਡੀਸਿਲਟਿੰਗ ਨੂੰ ਹਟਾਉਣ ਸਬੰਧੀ ਦਿੱਤੀਆਂ ਗਈਆਂ ਛੋਟਾਂ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ, 2019 ਦੀ ਧਾਰਾ 63(2) ਅਧੀਨ ਲੋੜੀਂਦਾ ਹੈ ।

(3) **ਇੱਕ ਮੰਤਰੀ** ਸਾਲ 2015-16 ਲਈ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ ਦੀ 21ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (1) ਅਧੀਨ ਲੋੜੀਂਦਾ ਹੈ।

(4) **ਇੱਕ ਮੰਤਰੀ** ਸਾਲ 2016-17 ਲਈ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ ਦੀ 22ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (1) ਅਧੀਨ ਲੋੜੀਂਦਾ ਹੈ।

(5) **ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ, 1987 ਦੀ ਧਾਰਾ 18 (6) ਅਧੀਨ ਲੋੜੀਂਦਾ ਹੈ।

(6) **ਇੱਕ ਮੰਤਰੀ** ਸਾਲ 2022-23 ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕਾਨੂੰਨੀ ਸੇਵਾਵਾਂ ਅਥਾਰਿਟੀਜ਼ ਐਕਟ, 1987 ਦੀ ਧਾਰਾ 18 (6) ਅਧੀਨ ਲੋੜੀਂਦਾ ਹੈ।

## 4. <u>ਵਿਧਾਨਕ ਕੰਮ-ਕਾਰ</u>

(1) ਪ੍ਰਸਤਾਵ ਕਰਨਗੇ ਕਿ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪੰਜਾਬ ਵਿਧਾਨ ਸਭਾ**
**ਚੰਡੀਗੜ੍ਹ -160001**
**ਮਿਤੀ:03 ਅਗਸਤ 2026 ਸੋਮਵਾਰ**

**ਰਾਮ ਲੋਕ ਖਟਾਣਾ**
**ਸਕੱਤਰ**
**ਪੰਜਾਬ ਵਿਧਾਨ ਸਭਾ**